## ਭਾਗ 1

ਅਕਾਲ ਪੁਰਖ ਪਰਮੇਸ਼ਰ—

ਪ੍ਰੇਮ-ਪੁਰਖ ਹੈ ।
ਅਤਿ-ਪ੍ਰੀਤਮ ਹੈ ।
ਪ੍ਰੇਮ ਸਰੂਪ ਹੈ ।

ਇਸ ਲਈ ਉਸ ਦਾ **'ਹੁਕਮ', 'ਕਵਾਉ', 'ਬਾਣੀ'** ਵੀ ਅਪਾਰ, ਮੁਕੰਮਲ, ਤੇ 'ਪ੍ਰੇਮ-ਮਈ' ਹੈ ।

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥ (ਪੰਨਾ-੨)

ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ ॥ (ਪੰਨਾ-੪੪੯)

ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ ॥ (ਪੰਨਾ-੬੪੦)

ਇਸ ਤਰ੍ਹਾਂ ਅਕਾਲ ਪੁਰਖ **'ਪ੍ਰੇਮ-ਸਰੂਪ' ਹੋ ਕੇ,** ਸਾਰੀ ਕਾਇਨਾਤ ਵਿਚ 'ਸਬਦ' ਦੁਆਰਾ ਰਵਿ-ਰਹਿਆ-ਭਰਪੂਰ **ਹੈ—**

ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥ (ਪੰਨਾ-੨੩)

ਆਪੇ ਹੁਕਮਿ ਵਰਤਦਾ ਪਿਆਰਾ ਆਪੇ ਹੀ ਫੁਰਮਾਣੁ ॥ (ਪੰਨਾ-606)

ਜਤ੍ਰ ਤਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ ॥ (ਜਾਪੁ ਪਾ: ੧੦)

ਅਕਾਲ ਪੁਰਖ ਦੀ ਜੋਤਿ-ਰੂਪੀ **'ਪ੍ਰੇਮ-ਕਿਰਨ'**, ਸ੍ਰਿਸ਼ਟੀ ਦੇ ਸਾਰੇ ਜੀਵਾਂ ਵਿਚ ਰਵਿ ਰਹੀ ਹੈ । ਦੂਸਰੇ ਲਫ਼ਜ਼ਾਂ ਵਿਚ ਕਾਇਨਾਤ ਦੀ ਹਰ ਇਕ ਚੀਜ਼ ਅਤੇ ਜੀਵਾਂ ਵਿਚ ਭੀ, ਇਲਾਹੀ ਆਤਮਿਕ **ਪ੍ਰੀਤ-ਪ੍ਰੇਮ-ਪਿਆਰ ਦਾ ਪ੍ਰਤਿਬਿੰਬ ਹੈ ।**

ਇਸੇ ਇਲਾਹੀ—

ਪ੍ਰੇਮ-ਤਾਂਘ





The timeless Supreme Lord –

is a Loving –Being
is an extreme lover
is an embodiment of love.

For this reason His 'command', 'word', 'Bani'(religious scripture) is also boundless, complete and loving.

1 *True is the Master, True is His Name-speak it with infinite love.* 2

2 *The Bani of the Lord's Love is the pointed arrow, which has pierced my mind, O Lord King.* 449

3 *The Love of the Name is the greatest treasure, O Siblings of Destiny; through it, emotional attachment to Maya is dispelled.* 640

In this way the Timeless One becoming a 'form of love' is pervading through 'Shabadh' in the whole universe.

4 *My Lord and Master is imbued with love; He is totally permeating and pervading all.* 23

5 *The Beloved Himself obeys His Will, and He Himself issues His Command.* 606

6 *God is present at every place, on every side and in every corner and His universal love exists everywhere* *Jaap Sahib 80*

The light-like 'love ray' of the Timeless One is pervading in all the creatures of the universe. In other words the reflection of the Divine Spiritual love-affection-fondness is present in everything and in every creature of the universe.

It is with this –

pull of love

ਪ੍ਰੇਮ-ਕਾਂਖੀ
ਪ੍ਰੀਤ-ਡੋਰੀ
ਨੇਹੁ-ਨਵੇਲਾ

ਨਾਲ ਹਰ ਇਕ 'ਜੀਵ' ਅਤੇ ਕਾਇਨਾਤ ਦਾ ਜ਼ੱਰਾ-ਜ਼ੱਰਾ, ਆਪਣੇ ਕੇਂਦਰ ਅਕਾਲ-ਪੁਰਖ ਵਲ, ਇਲਾਹੀ ਪ੍ਰੀਤ-ਤਾਰ ਨਾਲ, ਲਗਾਤਾਰ ਖਿਚੀਂਦਾ ਜਾ ਰਿਹਾ ਹੈ ।

ਮੂ ਲਾਲਨ ਸਿਉ ਪ੍ਰੀਤਿ ਬਨੀ ॥
ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ ॥ (ਪੰਨਾ-੮੨੭)

ਇਸੇ ਇਲਾਹੀ 'ਪ੍ਰੀਤ-ਡੋਰੀ' ਨਾਲ, ਹਰ ਇਕ ਚੀਜ਼ ਯਾ ਜੀਵ, ਇਕ-ਦੂਜੇ ਵਲ 'ਖਿੱਚ' ਖਾਂਦਾ ਹੈ ।

**Like attracts like.**

ਧਾਤੁ ਮਿਲੈ ਫੁਨਿ ਧਾਤੁ ਕਉ ਲਿਵ ਲਿਵੈ ਕਉ ਧਾਵੈ ॥ (ਪੰਨਾ-੭੨੫)

ਇਸੇ —

ਪ੍ਰੀਤ-ਡੋਰੀ
ਪ੍ਰੀਤ-ਤਾਰ
ਇਲਾਹੀ-ਖਿੱਚ

ਦੀ 'ਰਵਾਨਗੀ' ਅਥਵਾ 'ਪ੍ਰਵਿਰਤੀ' ਦੇ ਸਿਧਾਂਤ ਨੂੰ ਹੀ—

**ਇਲਾਹੀ ਧਰਮ** (Religion)
**ਕਲਿਆਣ** (Evolution)
**'ਹੁਕਮ'** (Divine Will)

**ਕਿਹਾ ਗਿਆ ਹੈ ।**

ਇਹ ਇਲਾਹੀ **'ਧਰਮ'** ਸਾਰੀ ਕਾਇਨਾਤ ਦੇ ਜ਼ੱਰੇ-ਜ਼ੱਰੇ ਅੰਦਰ **'ਨਾਲ ਲਿਖਿਆ'** ਹੋਇਆ ਹੈ, ਅਤੇ ਗੁੱਝੇ ਤਰੀਕੇ ਨਾਲ ਆਦਿ ਤੋਂ ਜੁਗੋ-ਜੁਗ, ਇਕ-ਸਾਰ, ਗੁਪਤੋ-ਗੁਪਤੀ, 'ਹੁਕਮ' ਦੀ ਰਵਾਨਗੀ ਵਿਚ ਪ੍ਰਕਾਸ਼ਤ ਅਤੇ ਪ੍ਰਵਿਰਤ ਹੈ ।

ਇਹ ਹੁਕਮ-ਰੂਪੀ **ਇਲਾਹੀ 'ਧਰਮ',** ਕਿਤਾਬਾਂ ਵਿਚ ਨਹੀਂ ਲਿਖਿਆ ਜਾ ਸਕਦਾ, ਕਿਉਂਕਿ ਇਹ 'ਇਲਾਹੀ ਧਰਮ'—

ਸਰਬੱਗ ਹੈ
ਅੱਖਰ ਹੀਣ ਹੈ
ਬੋਲੀ ਹੀਣ ਹੈ



desire of love
string of love
new love

that every creature and every particle of the creation is being pulled continuously by the Divine Love towards its centre, the Timeless One.

1 *I have fallen in love with my Beloved Lord. ||Pause||*
*Cutting it, it does not break, and releasing it, it does not let go. Such is the string the Lord has tied me with.* *827*

It is with this 'Divine 'love string' that everything or every creature is experiencing the 'pull' towards one another.

Like attracts like.

2 *As metal melts into metal again, so does love melt into love.* *725*

The doctrine of the flow or 'attachment' of this

chord of love
link of love
Divine pull

is said to be –

Religion
Evolution (salvation)
Divine Will.

This 'religion' is written in each and every particle of the whole creation and is evident and prevailing, secretly and consistently, in the flow of the command through the ages from the very beginning.

This decree-like Divine 'religion' cannot be written in books because this 'Divine Religion' is –

all knowing
wordless
Language less

ਦੇਸ ਹੀਣ ਹੈ

ਵਿਤਕਰੇ ਹੀਣ ਹੈ

ਅਪਾਰ ਹੈ

ਸੱਚ ਹੈ

ਅਟੱਲ ਹੈ

ਅਭੁੱਲ ਹੈ

ਸਦੀਵੀ ਹੈ

ਗੁਪਤ ਹੈ

ਨਾਲ ਲਿਖਿਆ ਹੈ

ਦੂਜੇ-ਭਾਉ ਤੋਂ ਰਹਿਤ ਹੈ

ਤਅੱਸੁਬ ਹੀਣ ਹੈ

ਦਿਮਾਗੀ 'ਪਕੜ' ਤੋਂ ਪਰੇ ਹੈ ।

ਬਨਸਪਤੀ ਦੇ ਬੀਜਾਂ ਦੇ ਅੰਦਰ ਪ੍ਰਵੇਸ਼ ਹੋਏ 'ਹੁਕਮ' ਅਨੁਸਾਰ ਹੀ, ਹਰ ਇਕ ਬੀਜ ਤੋਂ ਭਿੰਨ-ਭਿੰਨ ਬੂਟੇ – ਉਗਦੇ, ਵੱਧਦੇ, ਫੁਲਦੇ ਤੇ ਫਲਦੇ ਹਨ । ਪਰ ਇਹਨਾਂ ਦੀਆਂ ਟਾਹਣੀਆਂ, ਪੱਤਿਆਂ, ਫੁਲਾਂ ਤੇ ਉਮਰ ਵਿਚ ਭਿੰਨਤਾ ਹੁੰਦੀ ਹੈ ।

ਬਨਸਪਤੀ ਅਤੇ ਹੋਰ ਜੂਨਾਂ ਦੇ ਜੀਵਾਂ ਵਿਚ, ਬੁੱਧੀ ਤੇ ਸੋਚਣ ਸ਼ਕਤੀ ਸੀਮਤ ਹੁੰਦੀ ਹੈ, ਜਿਸ ਕਾਰਨ ਉਹ ਆਪਣੀਆਂ ਸਿਆਣਪਾਂ ਜਾਂ ਉਕਤੀਆਂ-ਜੁਗਤੀਆਂ ਨਹੀਂ ਵਰਤ ਸਕਦੇ ਅਤੇ 'ਨਾਲ ਲਿਖੇ' ਹੁਕਮ ਰੂਪੀ **'ਧਰਮ' ਦੀ ਗੁਪਤ ਰਵਾਨਗੀ ਵਿਚ ਦਖਲ ਨਹੀਂ ਦੇ ਸਕਦੇ ।** ਇਸ ਲਈ ਉਹ ਆਪੋ-ਆਪਣੇ 'ਨਾਲ ਲਿਖੇ' **ਇਲਾਹੀ 'ਧਰਮ' ਨੂੰ ਸਹਿਜੇ ਅਤੇ ਅਣਜਾਣੇ ਹੀ ਮੰਨਦੇ ਅਤੇ ਕਮਾਉਂਦੇ ਰਹਿੰਦੇ ਹਨ ।**

ਇਸ ਤਰ੍ਹਾਂ ਉਹ, **'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ'** ਦੀ ਪੰਗਤੀ ਦੀ ਅਣਜਾਣੇ ਅਤੇ ਸਹਿਜ-ਸੁਭਾਇ ਹੀ ਪਾਲਣਾ ਕਰ ਰਹੇ ਹਨ; ਜਿਸ ਕਾਰਨ ਉਹਨਾਂ ਦੀ ਆਤ-ਮਿਕ ਤਰੱਕੀ (Natural evolution) ਸਹਿਜੇ ਹੀ ਹੋ ਰਹੀ ਹੈ । **ਇਹੋ ਹੀ ਉਹਨਾਂ ਦਾ ਅੰਤ੍ਰ-ਮੁਖੀ 'ਨਾਲ ਲਿਖਿਆ' ਹੋਇਆ 'ਨਿਜੀ ਧਰਮ' ਹੈ ।**

ਉਹਨਾਂ ਦੀ ਕਲਿਆਨ ਲਈ, ਕਿਸੇ ਬਾਹਰਲੇ ਧਰਮ ਜਾਂ ਮਜ਼ਹਬ ਦੀ ਲੋੜ ਨਹੀਂ, ਤੇ ਨਾ ਹੀ ਕਿਸੇ 'ਪ੍ਰਚਾਰ' ਦੀ ।

ਇਹ ਜੂਨਾਂ 'ਹੁਕਮ ਰਜਾਈ ਚਲਣਾ' ਦਾ ਇਲਾਹੀ ਗੁਪਤ, ਅਭੁਲ, ਆਪੋ-ਆਪਣਾ 'ਧਰਮ', ਅਣਜਾਣੇ, ਅਭੋਲ ਅਤੇ ਦਿਆਨਤਦਾਰੀ ਨਾਲ ਕਮਾ ਰਹੀਆਂ ਹਨ ।



country less

without discrimination

limitless

truth

unavoidable

unerring

eternal

secret

preordained

without second love

without jealousy

beyond the reach of intellect.

It is according to the 'command within the seeds of the vegetation that from each seed different types of plants germinate, grow, flourish and fruit. But there are differences in the branches, leaves, fruits and their ages.

The intellect and thinking power in vegetation and other creatures is limited as a result of which they cannot use their wisdom, reasoning or rationality and (as such) they cannot interfere in the hidden flow of the 'inlaid' command of 'religion'. That is why they are spontaneously and unknowingly abiding and cultivating their individual 'in-laid' divine 'religion'.

In this way they are unknowingly and automatically nurturing the (Gurbani) line, 'Obey O Nanak! the preordained order of the Lord's Will.". For this reason their natural evolution is automatically taking place. This is in fact their 'preordained' innate personal religion'.

For their evolution, no external religion or creed is necessary, nor is 'propagation' (of religion) is needed.

These creatures are cultivation the Divine, hidden, unerring personal religion of following the 'inlaid' command' unknowingly, innocently and honestly.

ਇਹ ਜੂਨਾਂ—ਨਾ ਹਿੰਦੂ, ਨਾ ਮੁਸਲਮਾਨ, ਨਾ ਈਸਾਈ, ਨਾ ਮੂਸਾਈ ਹਨ। ਇਹ ਸਿਰਫ ਆਪਣੇ ਕਰਤੇ ਦੇ ਬਖਸ਼ੇ ਹੋਏ **'ਚਿੰਨ੍ਹਾਂ'** ਵਿਚ, ਆਪੋ-ਆਪਣਾ ਨਾਲ ਲਿਖਿਆ **'ਨਿਜੀ ਧਰਮ'** ਕਮਾ ਰਹੀਆਂ ਹਨ।

ਜਦ ਬੱਚਾ ਮਾਂ ਦੀ ਕੁੱਖ ਵਿਚ ਨਿੰਮਦਾ ਹੈ, ਤਾਂ ਨਾਲ ਲਿਖੇ ਇਲਾਹੀ 'ਹੁਕਮ' ਅਨੁਸਾਰ, ਉਸ ਬੱਚੇ ਦੀ ਪੇਟ ਵਿਚ ਅਨੋਖੇ ਤੇ ਅਚੰਭੇ ਢੰਗ ਨਾਲ 'ਪਾਲਣਾ' ਹੁੰਦੀ ਹੈ। ਬੱਚੇ ਦੀ ਇਸ ਗੁੱਝੀ ਕਰਾਮਾਤੀ 'ਪਰਵਰਿਸ਼' ਦੀ ਬਾਬਤ ਮਾਂ ਨੂੰ ਕੋਈ ਗਿਆਨ ਨਹੀਂ ਹੁੰਦਾ ਅਤੇ ਨਾ ਹੀ ਉਸ ਦੀ ਕੋਈ ਸਿਆਣਪ ਕੰਮ ਕਰਦੀ ਹੈ ਅਤੇ ਬੱਚੇ ਨੂੰ ਭੀ ਆਪਣੀ ਪਰਵਰਿਸ਼ ਦੀ ਬਾਬਤ ਕੋਈ ਅਹਿਸਾਸ ਨਹੀਂ ਹੁੰਦਾ।

ਬੱਚੇ ਦਾ ਪੇਟ ਦੀ ਤੀਬਰ ਜਠਰ-ਅਗਨੀ ਵਿਚ ਨਿੰਮਣਾ, ਵਧਣਾ, ਫੁਲਣਾ, ਬਚਾਉ ਅਤੇ ਪਰਵਰਿਸ਼ ਹੋਣੀ ਹੀ, ਅਤਿਅੰਤ ਹੈਰਾਨ ਕਰਨ ਵਾਲਾ **ਬਿਸਮਾਦੀ ਇਲਾਹੀ ਕੌਤਕ ਹੈ,** ਜਿਸ ਵਿਚ ਨਾ 'ਮਾਂ' ਦੀ ਤੇ ਨਾ ਹੀ ਬੱਚੇ ਦੀ ਕੋਈ ਸਿਆਣਪ, ਦਖਲ-ਅੰਦਾਜ਼ੀ ਅਤੇ ਉਦਮ ਕੰਮ ਕਰਦਾ ਹੈ।

ਇਹ ਸਾਰੀ ਇਲਾਹੀ 'ਕਰਾਮਾਤੀ ਖੇਲ' ਵੀਰਜ ਦੇ ਇਕ 'ਕਣ' (sperm) ਦੇ ਅੰਤ੍ਰ-ਗਤ 'ਨਾਲ ਹੀ' ਲਿਖਿਆ ਸੀ, ਜੋ ਪੇਟ ਦੇ ਅੰਦਰ—

ਚੁੱਪ-ਚੁਪੀਤੇ
ਗੁਪਤੋ-ਗੁਪਤੀ
ਅਨਜਾਣੇ
ਅਭੋਲ
ਸਹਿਜ-ਸੁਭਾਇ
ਆਪ-ਮੁਹਾਰੇ

ਕਿਸੇ **'ਗੈਬੀ' ਸ਼ਕਤੀ ਦੀ ਗੁੱਝੀ 'ਰਵਾਨਗੀ'** ਅਥਵਾ 'ਇਲਾਹੀ ਹੁਕਮ' ਦਾ ਹੈਰਾਨ ਕਰਨ ਵਾਲਾ ਅਚੰਭਾ ਹੈ, ਜਿਸ ਵੱਲ—

ਧਿਆਨ ਦੇਣ ਲਈ
ਖਿਆਲ ਕਰਨ ਲਈ
ਕੀਮਤ ਪਾਉਣ ਲਈ
ਹੈਰਾਨ ਹੋਣ ਲਈ
ਸ਼ੁਕਰਾਨਾ ਕਰਨ ਲਈ
ਬਿਸਮਾਦ ਵਿਚ ਆਉਣ ਲਈ

ਸਾਡੇ ਕੋਲ ਫ਼ੁਰਸਤ ਹੀ ਨਹੀਂ ਅਤੇ ਨਾ ਲੋੜ ਹੀ ਜਾਪਦੀ ਹੈ।



These creatures are not Hindus, Muslims, Christians; nor are they followers of Musa. They are just earning their inlaid 'personal religion' within the ambit of the 'signs' that God has blessed them with.

When a child is conceived in the mother's womb, its nurturing takes place according to the 'inlaid command' in an extraordinary and marvellous way. The mother has no knowledge of this secret miraculous 'nourishment', and neither does her wisdom work. Even the child is not aware of this nourishment.

The conception, growth, flourishment, safety and nourishment of the child, in the intense heat of the womb is an extremely surprising wonderful Divine miracle, in which, neither the mother's nor the child's wisdom, interference or effort can work.

This Divine 'miraculous play' was written intrinsically in that one 'sperm' which in the womb –

quietly
secretly
unknowingly
unconsciously
spontaneously
by itself

under the 'flow' of some secret hidden power, is an astonishing wonder of the Divine Command for which, neither do we have the time nor have we felt any need to –

to pay attention to it
think about it
value it
feel surprised
be grateful
move into a state of amazement.

ਗੁਰਬਾਣੀ ਵਿਚ ਇਸ ਕੌਤਕ ਦੀ **ਅਸਚਰਜਤਾ ਅਤੇ ਸ਼ੁਕਰਾਨਾ** ਕਰਨ ਲਈ ਇਉਂ ਪ੍ਰੇਰਨਾ ਦਿੱਤੀ ਹੈ :—

ਰਮਈਆ ਕੇ ਗੁਨ ਚੇਤਿ ਪਰਾਨੀ ॥
ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥
ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥
**ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥**
ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥
ਭਰਿ ਜੋਬਨ ਭੋਜਨ ਸੁਖ ਸੂਧ ॥
ਬਿਰਧਿ ਭਇਆ ਊਪਰਿ ਸਾਕ ਸੈਨ ॥
ਮੁਖਿ ਅਪਿਆਉ ਬੈਠ ਕਉ ਦੈਨ ॥
ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ ॥
ਬਖਸਿ ਲੇਹੁ ਤਉ ਨਾਨਕ ਸੀਝੈ ॥ (ਪੰਨਾ-੨੬੬)

ਜਦ ਬੱਚੇ ਦਾ ਜਨਮ ਹੁੰਦਾ ਹੈ, ਤਾਂ ਮਾਂ ਆਪਣੇ ਬੱਚੇ ਦੇ ਪਾਲਣ-ਪੋਸਣ, ਖੁਸ਼ਹਾਲੀ, ਵਿਦਿਆ ਆਦਿ ਦੀਆਂ ਵਿਉਂਤਾਂ ਸੋਚਦੀ ਹੈ ਅਤੇ ਸ਼ੁਭ ਕਾਮਨਾਵਾਂ ਤੇ ਅਸੀਸਾਂ ਭਰਿਆ ਪਿਆਰ ਦਿੰਦੀ ਰਹਿੰਦੀ ਹੈ, ਅਤੇ ਆਪਣੇ ਬੱਚੇ ਉਤੋਂ ਵਾਰਨੇ-ਬਲਿਹਾਰਨੇ ਜਾਂਦੀ ਹੋਈ ਹਰ ਕਿਸਮ ਦੀ ਕੁਰਬਾਨੀ ਕਰਦੀ ਰਹਿੰਦੀ ਹੈ ।

ਬੱਚੇ ਦੇ ਪੇਟ ਵਿਚ 'ਨਿੰਮਣ' ਤੋਂ ਲੈ ਕੇ, ਉਸ ਦੇ ਜਨਮ ਤੋਂ ਮਗਰੋਂ ਭੀ; ਜੋ ਬੱਚੇ ਲਈ 'ਮਾਂ-ਪਿਆਰ' ਉਪਜਦਾ ਹੈ, ਉਹ 'ਜੀਵ' ਲਈ **ਇਲਾਹੀ ਪਿਆਰ ਦਾ ਹੀ ਪ੍ਰਤਿਬਿੰਬ ਹੈ ।**

ਇਸ ਤਰ੍ਹਾਂ—

ਮਾਂ-ਪਿਆਰ ਦਾ ਪੁੰਗਰਨਾ
ਪੇਟ ਵਿਚ ਗੁਪਤੀ ਪਾਲਣਾ ਹੋਣੀ
ਅਤਿਅੰਤ ਪੀੜਾ ਨਾਲ ਜਨਮ ਦੇਣਾ
ਛਾਤੀ ਵਿਚ ਦੁੱਧ ਉਪਜਣਾ
ਪਿਆਰ ਨਾਲ ਪਰਵਰਿਸ਼ ਕਰਨੀ
ਸ਼ੁਭ ਇੱਛਕ ਹੋਣਾ
ਲਾਡ ਲਡਾਉਣਾ



In the following Gurbani verse mention is made of how one can express the wondrousness and the gratefulness of this miracle –

*Think of the Glory of the All-pervading Lord, O mortal;*
*what is your origin, and what is your appearance?*
*He who fashioned, adorned and decorated you*
*- in the fire of the womb, He preserved you.*
*In your infancy, He gave you milk to drink.*
*In the flower of your youth, He gave you food, pleasure and understanding.*
*As you grow old, family and friends are there to feed you as you rest.*
*This worthless person has not appreciated in the least, all the good deeds done for him.*
*If you bless him with forgiveness, O Nanak, only then will he be saved.* *267*

When a child is born, the mother thinks of the plans for the upbringing, happiness, education etc. of the child and continues to give her good wishes, and love-filled blessings and expressing deep devotion and affection, she makes every type of sacrifice (for her child).

From the time of conceiving the child and even after birth, the motherly love that sprouts, is for the new born a reflection of Divine Love.

In this way

The sprouting of motherly love
The secret nurturing in the womb
Giving birth with extreme pain
The flow of milk in the breasts
Upbringing with love
Becoming a well wisher
Loving and cuddling

ਖੇਲ ਖਿਲਾਉਣਾ
ਵਾਰੇ-ਵਾਰੇ ਜਾਣਾ
ਕੁਰਬਾਨ ਹੋਣਾ

ਆਦਿ, ਇਹ ਸਾਰੀਆਂ 'ਮਾਂ-ਪਿਆਰ' ਦੀਆਂ ਸੂਖਮ **ਪ੍ਰੇਮ**-ਭਾਵਨਾਵਾਂ ਹੀ, ਮਾਂ ਦੇ ਹਿਰਦੇ ਅੰਦਰ 'ਹੁਕਮ-ਰੂਪੀ' ਇਲਾਹੀ 'ਧਰਮ' ਦਾ ਹੀ—

ਪ੍ਰਕਾਸ਼ ਹੈ
ਪ੍ਰਗਟਾਵਾ ਹੈ
ਪ੍ਰਵਿਰਤੀ ਹੈ
ਪ੍ਰਤੀਕ ਹੈ ।

ਪਰ, ਮਾਂ ਇਸ 'ਨਾਲ ਲਿਖੇ ਹੁਕਮ' ਵਾਲੇ 'ਇਲਾਹੀ ਪਿਆਰ' ਤੋਂ **ਅਗਿਆਤ** ਹੁੰਦੀ ਹੈ ਅਤੇ ਬੱਚੇ ਨੂੰ ਆਪਣਾ ਸਮਝ ਕੇ, **'ਮੋਹ-ਮਮਤਾ' ਵਿਚ ਫਸੀ ਰਹਿੰਦੀ ਹੈ ।**

ਦੂਜੇ ਲਫ਼ਜ਼ਾਂ ਵਿਚ, ਇਹ ਨਾਲ ਲਿਖੇ 'ਹੁਕਮ' ਅਨੁਸਾਰ, ਹਰ ਜੀਵ ਦੀ ਭਲਾਈ ਅਤੇ ਪਰਵਰਿਸ਼ ਲਈ, ਅਗੇਤਰੇ ਹੀ ਸਾਰੇ ਪ੍ਰਬੰਧ ਹੋ ਚੁਕੇ ਹੁੰਦੇ ਹਨ ਅਤੇ ਪ੍ਰਵਿਰਤ ਹੋ ਰਹੇ ਹਨ ।

ਸਾਡੇ ਸਰੀਰ ਦੇ ਅਨੇਕਾਂ ਅੰਗ ਹਨ, ਜਿਸ ਤਰ੍ਹਾਂ ਦਿਮਾਗ, ਅੱਖਾਂ, ਨੱਕ, ਫੇਫੜੇ, ਦਿਲ, ਜਿਗਰ, ਗੁਰਦੇ ਹੱਡੀਆਂ, ਮਾਸ, ਨਾੜੀਆਂ, ਨਸਾਂ ਆਦਿ, ਇਹ ਸਾਰੇ 'ਹਿੱਸੇ' ਇਕ-ਦੂਜੇ ਦੇ ਆਸਰੇ (dependent), ਸੰਬੰਧਤ ਅਤੇ ਮਿਲਵਰਤਣ ਨਾਲ, ਦਿਨ-ਰਾਤ, ਜਾਗਦਿਆਂ-ਸੁਤਿਆਂ, ਅਣਜਾਣੇ, ਅਭੋਲ, ਆਪ-ਮੁਹਾਰੇ, ਸਹਿਜ-ਸੁਭਾਏ ਕਿਸੇ ਗੁੱਝੇ, ਅਲੱਖ, ਮੁਕੰਮਲ, ਅਪਾਰ, ਅਬੋਲ, ਅਲਿਖ, ਇਲਾਹੀ 'ਹੁਕਮ' ਦੀ ਰਵਾਨਗੀ ਵਿਚ ਅਛੋਪ ਹੀ ਕੰਮ ਕਰ ਰਹੇ ਹਨ, ਜਿਸ ਤੋਂ ਅਸੀਂ ਬੇਖਬਰ ਅਤੇ ਬੇਪ੍ਰਵਾਹ ਹਾਂ ।

**'ਫੁੱਲ'** ਦੇ ਬੀਜ ਵਿਚ 'ਨਾਲ ਲਿਖੇ ਹੁਕਮ' ਅਨੁਸਾਰ, ਬੂਟਾ ਉਗਦਾ ਹੈ । ਉਸ ਬੂਟੇ ਦੇ—

ਤਣੇ
ਟਾਹਣੀਆਂ
ਪੱਤਿਆਂ
ਕੰਡਿਆਂ
ਫੁੱਲ

ਅਤੇ ਉਸ ਦੀ :—

ਸ਼ਕਲ
ਬਨਾਵਟ
ਪੰਖੜੀਆਂ
ਰੰਗ



Playing
Becoming devoted and affectionate
Being a sacrifice

etc. – all these subtle affectionate feelings of motherly love are in fact

the manifestation
the expression
the natural tendency
the symbol

of the 'command-like' Divine Religion in the mother's mind. But the mother is ignorant of this 'inlaid command' of Divine Love and regarding the child as her own, becomes entangles in 'attachment-affection'.

In other words, for the welfare and nurturing of every being all pre-arrangements are already in place according to the 'inlaid command'.

There are many parts of our body such as brain, eyes, nose, lungs, heart, liver, kidneys, bones, flesh, blood vessels, nerves etc. all of which are dependent on one another. This inter-connection and cooperation, day and night, awake or asleep, unknowingly, unconsciously, automatically (these parts) are gradually working in a hidden manner in the flow of some secret, unrecognizable, complete, limitless, languageless, unwritten Divine 'Command' of which we are unaware and unconcerned.

The seed of the flower grows into a plant according to the [inlaid command'. The

stem
branches
leaves
flowers

and–

the appearance
the structure
the petals
the colour

ਮਹਿਕ

ਮਿਠਾਸ

ਉਮਰ

ਰੁਤ

ਆਦਿ, ਭਿੰਨ-ਭਿੰਨ ਕੁਦਰਤੀ ਗੁਣਾਂ ਦੇ ਪ੍ਰਗਟਾਵੇ ਲਈ, ਇਲਾਹੀ 'ਹੁਕਮ', ਬੀਜ ਦੇ ਅੰਦਰ, ਗੁਪਤ ਤੌਰ ਤੇ ਚੁੱਪ-ਚੁੱਪੀਤੇ ਹੀ ਵਰਤ ਰਿਹਾ ਹੈ।

ਇਸ ਹੁਕਮ ਦੇ ਪ੍ਰਗਟਾਵੇ ਜਾਂ 'ਰਵਾਨਗੀ' ਲਈ, ਬਾਹਰੋਂ ਕਿਸੇ ਦਿਮਾਗੀ ਸਿਆਣਪ ਦੇ 'ਦਖਲ' ਜਾਂ ਅਗਵਾਈ ਦੀ ਲੋੜ ਨਹੀਂ।

ਦੂਜੇ ਲਫ਼ਜਾਂ ਵਿਚ, ਕਾਇਨਾਤ ਦਾ ਹਰ ਇਕ 'ਜੀਵ', ਆਪਣੇ ਕਰਤੇ, ਅਕਾਲ-ਪੁਰਖ ਦੇ ਅੱਟਲ, ਅਭੁੱਲ, ਸਰਬੱਗ, ਅਧਾਰ 'ਹੁਕਮ' ਦੀ ਅਗਵਾਈ ਅਤੇ 'ਰਵਾਨਗੀ' ਵਿਚ, ਉਪਜਦੇ, ਪਰਫੁਲਤ ਹੁੰਦੇ ਅਤੇ 'ਲੈ' ਹੁੰਦੇ ਹਨ। ਇਸ ਤਰ੍ਹਾਂ ਉਹ ਆਪਣੇ ਅੰਦਰ 'ਨਾਲ ਲਿਖੇ' ਹੁਕਮ ਨੂੰ, ਆਪਣੇ ਜੀਵਨ ਵਿਚ, ਅਛੋਪ ਹੀ ਮੰਨਦੇ ਤੇ ਕਮਾਉਂਦੇ ਹਨ।

ਉਪਰਲੀਆਂ ਉਦਾਹਰਨਾਂ ਦੁਆਰਾ ਸਪਸ਼ਟ ਹੁੰਦਾ ਹੈ, ਕਿ ਇਸ 'ਨਾਲ ਲਿਖੇ' ਹੋਏ ਹੁਕਮ ਨੂੰ ਮੰਨਣਾ ਤੇ ਕਮਾਉਣਾ ਹੀ, ਉਹਨਾਂ ਦਾ **'ਨਾਲ ਲਿਖਿਆ' 'ਨਿਜੀ ਧਰਮ'**, **'ਮਜ਼ਹਬ' ਜਾਂ 'ਪਰਮਾਰਥ' ਹੈ**, ਜਿਸ ਨੂੰ ਸਮਝਣ, ਸਿੱਖਣ ਅਪਨਾਉਣ ਦੀ ਲੋੜ ਨਹੀਂ ਅਤੇ ਨਾ ਇਹ 'ਧਰਮ', ਬਾਹਰੋਂ ਕਿਸੇ ਤਰ੍ਹਾਂ ਉਨ੍ਹਾਂ ਨੂੰ ਸਿਖਾਇਆ, ਸਮਝਾਇਆ ਤੇ 'ਠੋਸਿਆ' ਜਾ ਸਕਦਾ ਹੈ।

ਇਸ ਤਰ੍ਹਾਂ, ਇਹ 'ਨਾਲ ਲਿਖਿਆ' **ਗੁਪਤ 'ਧਰਮ'**, ਹਰ ਜੀਵ ਲਈ—

'ਜੀਵਨ ਸੇਧ' ਹੈ

'ਨਿਜੀ ਧਰਮ' ਹੈ

'ਮੁਕੰਮਲ ਇਲਾਹੀ ਕਾਨੂੰਨ' ਹੈ

'ਲੋਕ ਸੁਖੀਆ' ਹੈ

'ਪਰਲੋਕ ਸੁਹੇਲਾ' ਹੈ

'ਅੰਤ੍ਰ-ਆਤਮੇ' ਬੀਜ ਹੈ

ਅੰਦਰੋਂ ਹੀ ਉਪਜਿਆ ਹੈ

ਓਤ-ਪੋਤ ਸਮਾਇਆ ਹੈ

ਬਾਹਰਲੇ ਧਰਮਾਂ ਤੋਂ ਆਜ਼ਾਦ ਹੈ

ਕਰਮ-ਕਾਂਡਾਂ ਤੋਂ ਬਰੀ ਹੈ



the fragrance

the sweetness

the age

the seasons

etc. of that plant to experience the manifestation of various natural attributes, the Divine 'command' secretly and quietly operates in the seed.

For the manifestation or 'flow' of this command, no external interference or guidance or intellectual wisdom is necessary.

In other words every 'creature of this universe grows, flourishes, and 'diffuses' in the guidance and 'flow' of the eternal, unerring, all knowing, assisting command of his Creator – the Timeless Being. In this way, they (the creatures) quietly obey and cultivate in their lives the inlaid 'command' written in them.

It is clear from the above examples, that obeying and cultivating the 'inlaid command', is in fact the 'preordained' 'personal religion', 'creed' or 'spirituality' of the creatures. It is not necessary to understand, learn or acquire this religion, nor is it possible for it to be taught, explained or 'forced' upon them from the outside.

In this way this 'inlaid command' of the hidden religion is for every creature–

its 'purpose of life'

its 'individual religion'

its 'Perfect Divine Law'

its 'worldly happiness'

its 'salvation'

its 'innate seed'

its (Inlaid command) which sprouted from within

is all pervading

is independent of external religions

is free of rituals

ਬੁੱਧੀ ਦੀ ਪਕੜ ਤੋਂ ਪਰੇ ਹੈ

ਬਖਸ਼ਿਸ਼ ਹੈ

ਗੁਰ ਪ੍ਰਸਾਦਿ ਹੈ

ਅਬੁੱਝ ਹੈ

ਅਪਾਰ ਹੈ

ਅਭੁੱਲ ਹੈ ।

ਚੌਰਾਸੀ ਲੱਖ ਜੂਨਾਂ ਆਪਣੇ ਅੰਤਰ 'ਨਾਲ ਲਿਖੇ' ਇਲਾਹੀ 'ਧਰਮ' ਦੀ 'ਰਵਾਨਗੀ' ਦੇ ਵੇਗ ਵਿਚ ਸਹਿਜੇ ਹੀ ਰੁੜ੍ਹਦੇ ਹੋਏ, ਅਣਜਾਣੇ ਹੀ ਅਟੁੱਟ ਸਿਮਰਨ ਕਰ ਰਹੇ ਹਨ ਅਤੇ **ਆਪੋ-ਆਪਣਾ ਨਿਜੀ ਧਰਮ ਕਮਾ** ਰਹੇ ਹਨ । ਇਸ ਤਰ੍ਹਾਂ ਉਨ੍ਹਾਂ ਦਾ 'ਸਿਮਰਨ'—'ਜੀਵਨ-ਰੂਪ' ਹੋ ਜਾਂਦਾ ਹੈ ।

ਸਿਮਰੈ ਧਰਤੀ ਅਰੁ ਆਕਾਸਾ ॥ ਸਿਮਰਹਿ ਚੰਦ ਸੂਰਜ ਗੁਣਤਾਸਾ ॥
ਪਉਣ ਪਾਣੀ ਬੈਸੰਤਰ ਸਿਮਰਹਿ ਸਿਮਰੈ ਸਗਲ ਉਪਾਰਜਨਾ ॥ (ਪੰਨਾ-੧੦੭੮)

ਹਰਿ ਸਿਮਰਨਿ ਧਾਰੀ ਸਭ ਧਰਨਾ ॥ (ਪੰਨਾ ੨੬੩)

ਪ੍ਰਤਿਪਾਲੈ ਜੀਅਨ ਬਹੁ ਭਾਤਿ ॥
ਜੋ ਜੋ ਰਚਿਓ ਸੁ ਤਿਸਹਿ ਧਿਆਤਿ ॥ (ਪੰਨਾ-੨੯੨)

ਇਹ 'ਜੀਵਨ-ਕ੍ਰਿਆ' ਕਿਸੇ ਅਕਹਿ ਅਤੇ ਗੁਪਤ 'ਚੁਪ-ਪ੍ਰੀਤ' ਦੀ ਸੂਖਮ ਪ੍ਰੀਤ-ਡੋਰੀ ਦੀ 'ਚਾਲ' ਹੈ, ਜੋ ਇਲਾਹੀ 'ਸੋਮੇ' ਵਲ ਜੀਵ ਨੂੰ ਸਦੀਵੀ 'ਖਿੱਚ' ਪਾ ਰਹੀ ਹੈ ।

ਇਹ ਅੰਤ੍ਰ-ਆਤਮੇ 'ਪ੍ਰੀਤ-ਡੋਰੀ' ਦੀ ਖਿੱਚ ਯਾ ਜੀਵਨ-ਰੌਂ ਦੀ ਸਹਿਜ-ਚਾਲ ਹੀ, ਹਰ ਜੀਵ ਦਾ ਆਪੋ-ਆਪਣਾ **'ਨਿਜੀ ਆਤਮਿਕ ਧਰਮ' ਹੈ ।**

ਅਲਪ ਬੁੱਧੀ ਕਾਰਨ, ਚਉਰਾਸੀ ਲੱਖ ਜੂਨਾਂ ਆਪਣੇ ਅੰਦਰਲੇ 'ਨਾਲ' ਲਿਖੇ 'ਇਲਾਹੀ ਧਰਮ' ਤੋਂ ਅਨਜਾਣ ਹਨ । **ਇਹ ਅਗਿਆਨਤਾ, ਉਹਨਾਂ ਲਈ ਕਲਿਆਨਕਾਰੀ ਅਤੇ ਗੁੱਝੀ ਮਿਹਰ ਹੈ ।**

ਉਹ ਆਪਣੇ ਇਲਾਹੀ 'ਹੁਕਮ-ਰੂਪੀ' ਨਾਲ ਲਿਖੇ **'ਧਰਮ'** ਨੂੰ ਅਭੋਲ ਤੇ **ਅਨਜਾਣੇ ਹੀ ਕਮਾ ਰਹੇ ਹਨ ।**

ਉਹਨਾਂ ਨੂੰ ਆਪਣੇ **'ਧਰਮ'** ਦੀ ਕਮਾਈ ਦਾ ਮਨੁੱਖਾਂ ਵਾਂਗ **'ਹੰਕਾਰ' ਨਹੀਂ ਹੁੰਦਾ ।**

ਸਹਿਜ-ਸੁਭਾਇ ਹੀ **'ਸਬਰ-ਸਬੂਰੀ'** ਵਿਚ ਰਹਿੰਦੇ ਹਨ ਅਤੇ ਭਾਣਾ ਮੰਨਦੇ ਹਨ, ਮਨੁੱਖਾਂ ਵਾਂਗ ਕਿੰਤੂ ਸ਼ਿਕਾਇਤ, ਨਿਹੋਰਾ ਆਦਿ ਨਹੀਂ ਕਰਦੇ ।



is beyond the comprehension of the intellect
is a Gift
is Grace
is a secret
is boundless
is unerring.

The 8.4 million creatures, while moving spontaneously according to the flow of their innate 'inlaid' divine 'religion' are unknowingly doing continuous meditating and are thus cultivating their own individual personal religion. In this way their 'meditation' becomes 'life giving'.

1 *The earth and the Akaashic ethers meditate in remembrance.*
*The moon and the sun meditate in remembrance on You, O treasure of virtue.*
*Air, water and fire meditate in remembrance. All creation meditates in remembrance.* 1078

2 *For the remembrance of the Lord, the whole world was established.* 263

3 *He cherishes His living beings in so many ways.*
*That which He has created meditates on Him.* 292

This 'life-activity' is the movement of the subtle chord of love of some unmentionable and secret 'silent-love' which is eternally pulling the creatures towards the Divine 'Source'.

The gradual motion of the pull or life-current of this 'chord of love' in the innermost consciousness is in fact the 'individual spiritual religion of ever creature.

Because of low intelligence, the 8.4 million creature are ignorant of the 'Divine Religion' preordained in them. This ignorance is salvation giving and a blessing in disguise for them.

They are innocently and unknowingly cultivating their Divine 'command-like' 'inlaid religion'.

They are not egoistic about cultivating their religion like human beings.

They automatically live in contentment and obey God's Will. Unlike human beings they do not criticized, complain, show grievance etc.

ਆਪਣੇ ਅੰਦਰਲੇ ਇਲਾਹੀ 'ਧਰਮ, ਨੂੰ ਕਮਾਉਣ ਨਾਲ, ਉਹਨਾਂ ਦੀ ਆਤਮਿਕ ਤਰੱਕੀ **ਸਹਿਜੇ ਹੀ ਹੁੰਦੀ ਜਾਂਦੀ ਹੈ।**

ਇਸ ਤਰ੍ਹਾਂ ਉਹਨਾਂ ਦੀ **ਅਗਿਆਨਤਾ ਹੀ ਉਹਨਾਂ ਲਈ ਕਲਿਆਨਕਾਰੀ ਹੁੰਦੀ ਹੈ।**

ਮਨੁੱਖ ਵਾਂਗ ਉਹ ਸਿਆਣਪਾਂ-ਚਤੁਰਾਈਆਂ ਘੋਟ ਕੇ, ਆਪਣੇ ਇਲਾਹੀ ਧਰਮ ਤੋਂ 'ਬੇਮੁਖ' ਨਹੀਂ ਹੁੰਦੀਆਂ।

ਇਸੇ ਲਈ ਉਹ ਆਪਣੇ ਕਰਮਾਂ ਦੇ ਨਤੀਜਿਆਂ ਤੋਂ '**ਬਰੀ**' ਹਨ।

ਤਾਂ ਤੇ ਸਪਸ਼ਟ ਹੈ, ਕਿ ਚੁਰਾਸੀ ਲੱਖ ਜੂਨਾਂ ਆਪੋ-ਆਪਣੇ ਅੰਤ੍ਰ-ਗਤ 'ਹੁਕਮ' ਦੀ '**ਸਹਿਜ-ਚਾਲ**' ਵਿਚ, ਅਛੋਪ ਅਤੇ ਅਨਜਾਣੇ ਹੀ ਪ੍ਰਵਿਰਤ ਹੋ ਕੇ, ਆਪਣੇ 'ਨਾਲ-ਲਿਖੇ' ਇਲਾਹੀ '**ਧਰਮ**' ਨੂੰ ਕਮਾ ਰਹੀਆਂ ਹਨ, ਅਤੇ ਆਪਣੇ ਕਰਤੇ ਅਕਾਲ-ਪੁਰਖ ਦੇ 'ਭਾਣੇ' ਵਿਚ, ਆਪਣਾ ਜੀਵਨ ਸਫਲ ਕਰ ਰਹੀਆਂ ਹਨ।

ਇਸ ਲਈ ਉਪਰਲੀ ਵਿਚਾਰ ਤੋਂ ਸਪਸ਼ਟ ਹੈ, ਕਿ **ਇਸ** ਇਲਾਹੀ ਹੁਕਮ-**ਰੂਪੀ**, ਨਾਲ ਲਿਖੇ, '**ਧਰਮ**' ਵਿਚ –

ਵਿਤਕਰਾ
ਵੈਰ-ਵਿਰੋਧ
ਈਰਖਾ-ਦਵੈਤ
ਨਫ਼ਰਤ
**ਤਅੱਸੁਬ**
ਟਾਕਰੇ
ਝਗੜੇ
ਲੜਾਈਆਂ

ਲਈ, ਕੋਈ ਗੁੰਜਾਇਸ਼ ਹੀ ਨਹੀਂ

ਇਹੋ ਵਜਾਹ ਹੈ, ਕਿ ਚੁਰਾਸੀ ਲੱਖ ਜੂਨਾਂ ਵਿਚਕਾਰ, '**ਮਜ਼ਹਬੀ-ਤਅੱਸੁਬ**' **ਦੇ ਨਾਉਂ ਤੇ ਕੋਈ** :—

ਖਿੱਚੋਤਾਣ
ਸ਼ੋਰ-ਸ਼ਰਾਬਾ
ਖ਼ੂਨ-ਖਰਾਬਾ
ਜ਼ੁਲਮ

**ਨਹੀਂ ਹੋ ਸਕਦਾ।**



With the cultivation of their internal divine religion, their spiritual evolution takes place automatically.

In this way their ignorance is in fact salvation-giving to them.

Unlike human beings they do not repeat their cleverness and cunningness and do not go against their divine religion.

For this reason they stand 'acquitted' from the results of their actions.

Therefore it is clear that the 8.4 million life-forms are cultivating the 'inlaid' divine religion quietly and unknowingly, and becoming absorbed in the gradual motion of their command from within, they are making their life fruitful by abiding in the will of their creator, the Timeless Being.

Thus it is clear from the above discussion that in this divine command-like inlaid religion, there is no room for –

discrimination
enmity-confrontation
jealousy-duality
hatred
religious bias or intolerance
collisions
quarrels
fights.

This is why among the 8.4 millions of life-forms there can be no –

struggle
trouble
murders
tyranny

in the name of 'religious intolerance'.

ਇਹਨਾਂ ਜੂਨਾਂ ਵਿਚ ਦੀ ਲੰਘਦਾ ਹੋਇਆ '**ਜੀਵ**' ਜਦ ਸ੍ਰੋਮਣੀ ਇਨਸਾਨੀ ਜੂਨ ਵਿਚ ਆਉਂਦਾ ਹੈ, ਤਾਂ ਅਕਾਲ ਪੁਰਖ ਇਨਸਾਨ ਨੂੰ ਵਿਸ਼ੇਸ਼ ਦਾਤਾਂ ਬਖਸ਼ਦਾ ਹੈ :—

1. ਮਨੁਖ ਨੂੰ ਰੱਬ ਨੇ '**ਅਪਣੇ-ਸਰੂਪ**' ਵਿਚ ਬਣਾਇਆ ਹੈ ।
   ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ (ਪੰਨਾ-੪੪੧)

2. ਮਨੁੱਖ ਨੂੰ ਬੇਅੰਤ **ਤੀਖਣ-ਬੁੱਧੀ** ਬਖਸ਼ੀ ਹੈ, ਤਾਂ ਕਿ ਉਹ—

   ਆਪਣੇ '**ਆਪੇ**' ਨੂੰ ਪਹਿਚਾਨ ਸਕੇ ।
   ਆਪਣੇ '**ਕਰਤੇ**' ਨੂੰ ਪਹਿਚਾਨ ਸਕੇ ।
   ਆਪਣੇ ਹੁਕਮ-ਰੂਪੀ '**ਧਰਮ**' ਨੂੰ ਪਹਿਚਾਨ ਸਕੇ ।
   ਆਪਣੇ 'ਜੀਵਨ' ਨੂੰ ਸਹੀ **ਆਤਮਿਕ ਸੇਧ** ਦੇ ਸਕੇ ।
   ਆਵਾਗਵਨ ਦੇ '**ਗੇੜ**' ਤੋਂ ਬਚ ਸਕੇ ।
   ਆਪਣਾ ਅਮੋਲਕ ਜੀਵਨ ਸਫਲ ਕਰ ਸਕੇ ।
   ਆਪਣੇ 'ਕਰਤੇ' ਅਕਾਲ ਪੁਰਖ ਵਿਚ ਮੁੜ '**ਸਮਾ**' ਸਕੇ ।
   ਰੱਬ ਦੀਆਂ ਦਿੱਤੀਆਂ ਦਾਤਾਂ ਨੂੰ ਠੀਕ ਤਰੀਕੇ ਨਾਲ ਵਰਤ ਸਕੇ ।

ਇਸ ਨੁਕਤੇ ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਗਿਆ ਹੈ—

ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ ॥
ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥
ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥ (ਪੰਨਾ-੧੨੪੫)

3. ਬਾਕੀ **ਸਾਰੀਆਂ** ਜੂਨਾਂ ਦਾ '**ਸਿਰਤਾਜ**' ਬਣਾਇਆ ਹੈ ।

   ਸਗਲ ਜੋਨਿ ਮਹਿ ਤੂ ਸਿਰਿ ਧਰਿਆ ॥ (ਪੰਨਾ-੯੧੩)

   ਲਖ ਚਉਰਾਸੀਹ ਜੋਨਿ ਸਬਾਈ ॥
   ਮਾਣਸ ਕਉ ਪ੍ਰਭਿ ਦੀਈ ਵਡਿਆਈ ॥ (ਪੰਨਾ–੧੦੭੫)

   ਲਖ ਚਉਰਾਸੀਹ ਜੂਨਿ ਵਿਚਿ ਉਤਮੁ ਜੂਨਿ ਸੁ ਮਾਣਸ ਦੇਹੀ । (ਵਾ.ਭਾ.ਗੁ.੧੫/੩)

4. ਸਾਰੀ ਕਾਇਨਾਤ ਦੀਆਂ ਬੇਅੰਤ 'ਦਾਤਾਂ' ਬਖਸ਼ੀਆਂ ਹਨ ।
   ਦੇਦੇ ਤੋਟਿ ਨਾਹੀ ਪ੍ਰਭ ਰੰਗਾ ॥ (ਪੰਨਾ-੯੯)

   ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ ॥...
   ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ ॥ (ਪੰਨਾ-੧੦੯੬)



When man, passing through these births attains the supreme human form of life, then the Timeless Being bestows special gifts (blessings) upon him:-

1 God has created man in His Own Image.
*O my mind, you are the embodiment of the Divine Light - recognize your own origin.* 441

2 Man has been blessed with profound intelligence so that he –

can recognise his 'self'.
can recognise his 'creator'.
can recognise his 'command-like' religion.
can give right spiritual guidance to his 'life'.
can be saved from the cycle of births and deaths.
can make his valuable life successful.
can be absorbed again into his 'creator' the Timeless Being'.
can use correctly the gifts given by God.

This point has been mentioned in Gurbani thus –

*Wisdom which leads to arguments is not called wisdom.*
*Wisdom leads us to serve our Lord and Master; through wisdom, honor is obtained.*
*Wisdom does not come by reading textbooks; wisdom inspires us to give in charity.*
*Says Nanak, this is the Path; other things lead to Satan.* 1245

3 Man has been made the chief (sovereign) of all other creations

*He installed you above the heads of all creatures;* 913

*Out of all the 8.4 million species of beings,*
*God blessed mankind with glory.* 1075

*Amongst the 8.4 million life forms, the human life is supreme.*
*Var Bh. Gur.15/3*

4 Limitless gifts of the whole universe have been bestowed (on man).

*God is Bountiful and Magnificent; He never comes up empty.* 99

*You entrusted everything to me, when I became Your slave.*
*The 8.4 million species of beings all work to serve me.* 1096

5. ਮਨੁੱਖ ਦੇ ਸਰੀਰਕ ਅਤੇ ਮਾਨਸਿਕ ਸੁਖ ਲਈ ਬੇਅੰਤ ਚਿਤ੍ਰ-ਬਚਿਤ੍ਰ ਮਾਇਕੀ **ਸਾਧਨ** ਪ੍ਰਦਾਨ ਕੀਤੇ ਹਨ ।

ਅਗਨਤ ਸਾਹੁ ਅਪਨੀ ਦੇ ਰਾਸਿ ॥
ਖਾਤ ਪੀਤ ਬਰਤੈ ਅਨਦ ਉਲਾਸਿ ॥ (ਪੰਨਾ-੨੬੮)

ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ ॥
ਸੋ ਕਿਉ ਬਿਸਰੈ ਜਿ ਜੀਵਨ ਜੀਆ ॥ (ਪੰਨਾ-੨੯੦)

6. ਮਨੁੱਖ ਦੇ ਕਲਿਆਣ ਲਈ ਲੋੜ ਅਨੁਸਾਰ ਅਨੇਕਾਂ **'ਧਰਮ'** ਪ੍ਰਚਲਤ ਕੀਤੇ ਹਨ । ਇਹਨਾਂ ਧਰਮਾਂ ਦੇ ਪ੍ਰਚਾਰ ਲਈ ਅਤੇ ਸਹੀ ਆਤਮਿਕ ਸੇਧ ਦੇਣ ਲਈ, ਬੇਅੰਤ ਉਪਦੇਸ਼ ਅਤੇ ਇਲਹਾਮੀ ਬਾਣੀਆਂ ਰਚੀਆਂ ਗਈਆਂ ਹਨ । ਭੁਲੇ ਭਟਕੇ ਜੀਵਾਂ ਨੂੰ **ਸਹੀ 'ਜੀਵਨ ਸੇਧ' ਦੇਣ ਲਈ** ਅਨੇਕਾਂ ਗੁਰੂ, ਅਵਤਾਰ, ਪੀਰ, ਪੈਗੰਬਰ, ਸਾਧ, ਸੰਤ, ਭਗਤ **ਦੁਨੀਆਂ ਤੇ ਭੇਜੇ ਗਏ ।**

ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥
ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ
ਜਿਨੀ ਗੁਰਮੁਖਿ ਨਾਮੁ ਧਿਆਇਆ (ਪੰਨਾ-੭੯)

ਸਾਧ ਪਠਾਏ ਆਪਿ ਹਰਿ ਹਮ ਤੁਮ ਤੇ ਨਾਹੀ ਦੂਰਿ ॥ (ਪੰਨਾ-੯੨੯)

ਜੁਗਿ ਜੁਗਿ ਸੰਤ ਭਲੇ ਪ੍ਰਭ ਤੇਰੇ ॥
ਹਰਿ ਗੁਣ ਗਾਵਹਿ ਰਸਨ ਰਸੇਰੇ ॥ (ਪੰਨਾ-੧੦੨੫)

ਹੈਰਾਨੀ ਵਾਲੀ ਗੱਲ ਇਹ ਹੈ, ਕਿ ਜਿਥੇ ਸੀਮਤ ਬੁੱਧੀ ਵਾਲੀਆਂ ਚੌਰਾਸੀ ਲੱਖ ਜੂਨਾਂ ਤਾਂ ਇਲਾਹੀ ਬਖਸ਼ਿਸ਼ਾਂ ਤੋਂ ਅਣਜਾਣ ਹੁੰਦੀਆਂ ਭੀ, ਉਹਨਾਂ ਦਾਤਾਂ ਦਾ ਪੂਰਾ-ਪੂਰਾ ਲਾਭ ਲੈ ਰਹੀਆਂ ਹਨ ਅਤੇ ਸਹਿਜ-ਸੁਭਾਇ ਆਪਣੀ ਕਲਿਆਣ ਦਾ ਉਪਾਉ ਕਰ ਰਹੀਆਂ ਹਨ ।

ਓਥੇ, ਬੇਅੰਤ ਤੀਖਣ-ਬੁੱਧੀ ਵਾਲਾ 'ਮਨੁੱਖ', ਸਭ ਜੂਨਾਂ ਦਾ 'ਸ਼੍ਰੋਮਣੀ' ਹੁੰਦਿਆਂ ਹੋਇਆਂ ਭੀ, ਆਪਣੇ ਇਲਾਹੀ ਉਦੇਸ਼ ਤੋਂ ਅਨਜਾਣ, ਬੇਪ੍ਰਵਾਹ, ਬੇਮੁਖ ਹੋ ਕੇ, **ਰਸਾਤਲ ਵਲ ਰੁੜ੍ਹਿਆ ਜਾ ਰਿਹਾ ਹੈ ।**

ਇਸ ਵਿਸ਼ੇ ਨੂੰ ਗੁਰਬਾਣੀ ਇਉਂ ਦਰਸਾਉਂਦੀ ਹੈ—

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ (ਪੰਨਾ-੧੪੦)

ਦਾਤਿ ਪਿਆਰੀ ਵਿਸਰਿਆ ਦਾਤਾਰਾ ॥ (ਪੰਨਾ-੬੭੬)
ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ ॥
ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥ (ਪੰਨਾ-੨੬੧)



5 Various limitless materialistic resources have been bestowed for man's physical and mental comfort.

*God the Banker gives endless capital to the mortal.*
*who eats, drinks and expends it with pleasure and joy.* 268

*Why forget Him, who has given us everything?*
*Why forget Him, who is the Life of the living beings?* 290

6 For man's salvation various 'religions' have been started according to his needs. For the propagation of these religions and for giving the right spiritual direction, limitless teachings and inspirational scriptures have been created. To give correct 'life-direction' to the forgotten and the stranded, many spiritual guides, incarnations, religious books, teachers, prophets, holy men, saints, devotees have been sent to this world.

*In age after age, through all the ages, forever and ever, those who belong to the Guru's Family shall prosper and increase.*
*Age after age, the Family of the True Guru shall increase. As Gurmukh, they meditate on the Naam, the Name of the Lord.* 79

*The Lord Himself sent His Holy Saints, to tell us that He is not far away.* 929

*Throughout the ages, Your Saints are holy and sublime, O God.*
*They sing the Glorious Praises of the Lord, savoring it with their tongues.* 1025

The surprising thing is that, despite being ignorant of the Divine Blessings, the 8.4 million creatures with limited intelligence are fully enjoying the benefits of these blessings and are automatically marking an effort for their salvation (whereas) –

Man, while being sovereign among all the other creatures with his profound intelligence, has become ignorant, indifferent and obstinate towards his Divine aim, and is (thus) drifting towards hell.

Gurbani has elaborated on this subject as follows –

140
*That scholar who is full of greed, arrogant pride and egotism, is known to be a fool.*

*He loves gifts, but he forgets the Giver.* 676

*He does not enshrine the Generous Lord God, the Great Giver, in his mind, even for an instant.*
*Greed, falsehood, corruption and emotional attachment - these are what he collects within his mind.* 261

ਸਾਡਾ ਹਉਮੈ ਵੇੜਿਆ ਮਨ, ਪਰਮੇਸ਼ਰ ਦੀ ਬਖਸ਼ੀ ਤੀਖਣ-ਬੁੱਧੀ ਅਤੇ ਨਿਰਣਾ ਸ਼ਕਤੀ ਦੀ ਗਲਤ ਵਰਤੋਂ ਕਰਦਾ ਹੈ ਅਤੇ ਅਨੇਕਾਂ ਉਕਤੀਆਂ, ਜੁਗਤੀਆਂ, ਸਿਆਣਪਾਂ ਘੋਟ-ਘੋਟ ਕੇ, ਆਪਣੇ ਨਾਲ ਲਿਖੇ 'ਹੁਕਮ' ਜਾਂ 'ਧਰਮ' ਦੀ ਰਵਾਨਗੀ ਤੋਂ **'ਬੇਸੁਰਾ' ਹੋ ਕੇ**, ਆਪਣੇ ਹੀ 'ਭਾਣੇ' ਵਿਚ ਵਿਚਰਦਾ ਹੈ ਅਤੇ **ਇਲਾਹੀ 'ਪ੍ਰੀਤ-ਤਾਰ' ਤੋਂ ਟੁਟ** ਜਾਂਦਾ ਹੈ ।

'ਭਰਮ-ਭੁਲਾਵੇ' ਵਿਚ, ਸਾਡੀ 'ਨਿਰਣੇ-ਸ਼ਕਤੀ' ਮੱਧਮ ਜਾਂ ਮਨੂਰ ਹੋ ਜਾਂਦੀ ਹੈ, ਜਿਸ ਦੀ ਵਜਾਹ ਨਾਲ ਅਸੀਂ ਚੰਗੇ-ਮਾੜੇ ਦਾ ਨਿਰਣਾ ਯਾ ਪਰਖ ਕਰਨ ਤੋਂ ਅਸਮਰਥ ਹੋ ਜਾਂਦੇ ਹਾਂ ਅਤੇ ਅਨਜਾਣੇ ਹੀ ਅਨੇਕਾਂ ਕਿਸਮਾਂ ਦੇ ਪਾਪ ਕਮਾਉਂਦੇ ਰਹਿੰਦੇ ਹਾਂ ।

ਇਸ ਤਰ੍ਹਾਂ ਅਸੀਂ ਆਪਣੀ ਹਉਮੈ ਨੂੰ ਪੱਠੇ ਪਾ-ਪਾ ਕੇ ਪਾਲਦੇ-ਪੋਸਦੇ ਹਾਂ ਅਤੇ ਨਾਲ-ਨਾਲ ਸਾਡੇ ਭਰਮ-ਭੁਲਾਵੇ ਦਾ ਪੜਦਾ ਭੀ ਗਾੜ੍ਹਾ ਹੁੰਦਾ ਜਾਂਦਾ ਹੈ । ਜਿਸਦਾ ਸਿੱਟਾ ਇਹ ਨਿਕਲਦਾ ਹੈ, ਕਿ ਅਸੀਂ ਹੁਕਮ-ਮਈ 'ਇਲਾਹੀ ਧਰਮ' ਤੋਂ ਹੋਰ ਭੀ ਦੂਰ ਚਲੇ ਜਾਂਦੇ ਹਾਂ ।

ਅਫਸੋਸ ਵਾਲੀ ਗੱਲ ਤਾਂ ਇਹ ਹੈ ਕਿ —

ਇਤਨੀ ਤੀਖਣ ਬੁੱਧੀ
ਅਨਕਾਂ ਧਰਮਾਂ
ਅਨੇਕਾਂ ਧਾਰਮਿਕ ਗਰੰਥਾਂ
ਅਣਗਿਣਤ ਧਾਰਮਿਕ ਮੰਦਰਾਂ
ਬੇਅੰਤ ਧਰਮ ਪ੍ਰਚਾਰ
ਬੇਅੰਤ ਗਿਆਨ-ਧਿਆਨ
ਬੇਅੰਤ ਪਾਠ-ਪੂਜਾ
ਅਣਗਿਣਤ ਜਪ-ਤਪ ਅਤੇ ਕਰਮ ਕ੍ਰਿਆ
ਬੇਅੰਤ ਹਠ-ਜੋਗ-ਸਾਧਨਾਵਾਂ
ਬੇਅੰਤ ਧਾਰਮਿਕ ਆਗੂਆਂ

ਦੇ ਹੋਣ ਦੇ ਬਾਵਜੂਦ, ਇਨਸਾਨ ਨੂੰ ਆਪਣੇ —

ਆਪੇ
ਕਰਤੇ
ਇਲਾਹੀ ਹੁਕਮ
'ਨਾਲ ਲਿਖੇ' 'ਧਰਮ'
ਸਹੀ ਜੀਵਨ ਸੇਧ
ਕਲਿਆਣ

ਦੀ ਬਾਬਤ ਕੋਈ **'ਗਿਆਨ' ਨਹੀਂ ਹੋ ਸਕਿਆ** ਅਤੇ ਇਨਸਾਨ ਅਪਣੀ ਦੈਵੀ ਹਸਤੀ ਨੂੰ ਭੁਲਾ



Our ego ridden mind makes wrong use of the God given profound intelligence and discriminating power, and repeatedly using various devices -methodologies, cleverness, gets 'out of tune' with the flow of the inlaid 'command' or 'religion', and wandering in his own 'self will', breaks off from the Divine 'chord of love'.

In 'doubt-fallacy' our discriminating power becomes weak or useless as a result of which we become incapable of distinguishing or recognising the bad from the good and unknowingly commit many types of sins.

In this way feeding our egotism, we nurture it and together with this, the layer of our doubt-fallacy also becomes thick. The result of this is that we drift even further from the command-like Divine Religion.

The regretful thing is that despite having –

such profound intelligence
various religions
various religious books
uncountable religious temple
limitless religious propogation
boundless knowledge – attention
limitless reading of scriptures
uncountable religious penance and rituals
limitless types of yoga involving austeries and self imposed strains
numerous religious leaders

man has not been able to acquire 'knowledge' of his –

self
Creator
Divine-command
'In-laid' religion
correct life guidance
salvation

and forgetting his own divine being,

ਕੇ, ਰਸਾਤਲ ਵਲ ਰੁੜ੍ਹਿਆ ਜਾ ਰਿਹਾ ਹੈ ਅਤੇ ਬਾਕੀ ਸਾਰੀਆਂ ਅਗਿਆਨੀ ਜੂਨਾਂ ਤੋਂ ਭੀ ਨੀਵਾਂ, ਮਲੀਨ ਤੇ ਦੁਖਦਾਈ ਜੀਵਨ ਬਤੀਤ ਕਰ ਰਿਹਾ ਹੈ।

ਇਨਸਾਨ ਦੀ ਇਸ ਤਰਸਯੋਗ ਅਤੇ ਦੁਖਦਾਈ ਅਧੋਗਤੀ ਦੇ ਕਾਰਨਾਂ ਦੀ ਖੋਜ-ਵਿਚਾਰ ਕਰਨ ਦੀ ਲੋੜ ਹੈ।

ਅਕਾਲ ਪੁਰਖ ਨੇ ਇਨਸਾਨ ਨੂੰ ਆਪਣੇ ਸਰੂਪ ਵਿਚ ਘੜਕੇ, ਆਪਣੀਆਂ ਸਾਰੀਆਂ ਸ਼ਕਤੀਆਂ ਪ੍ਰਦਾਨ ਕਰ ਦਿੱਤੀਆਂ ਹਨ।

ਜਿਥੇ ਅਕਾਲ ਪੁਰਖ ਨੇ ਮਨੁੱਖ ਨੂੰ ਬੇਅੰਤ ਸ਼ਕਤੀਆਂ ਬਖਸ਼ੀਆਂ ਹਨ, ਉਥੇ ਹਉਮੈ ਦਾ 'ਭਰਮ-ਭੁਲਾਵਾ' ਵੀ ਪਾ ਦਿਤਾ ਹੈ, ਜੋ ਕਿ ਅਤਿ ਪ੍ਰਬਲ, ਦੀਰਘ ਤੇ ਸੂਖਮ ਹੈ।

ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥ (੪੬੬)

ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥ (ਪੰਨਾ-੯੯੯)

ਇਸ ਹਉਮੈ ਦੇ ਭਰਮ-ਭੁਲਾਵੇ ਕਾਰਨ ਅਸੀਂ

ਆਪਣੇ 'ਆਪੇ' ਨੂੰ ਨਹੀਂ ਬੁੱਝ ਸਕਦੇ।
ਅਕਾਲ ਪੁਰਖ ਦੀ ਹੋਂਦ ਦਾ ਨਿਸਚਾ ਨਹੀਂ ਆਉਂਦਾ।
ਇਲਾਹੀ ਹੁਕਮ ਨੂੰ ਨਹੀਂ ਬੁੱਝ ਸਕਦੇ।
**ਨਾਲ ਲਿਖੇ ਧਰਮ ਤੋਂ ਅਣਜਾਣ ਰਹਿੰਦੇ ਹਾਂ।**
ਇਲਾਹੀ ਬਰਕਤਾਂ ਨੂੰ ਪੂਰੀ ਤਰ੍ਹਾਂ ਨਹੀਂ ਮਾਣ ਸਕਦੇ।
ਆਪਣੀ ਜੀਵਨ-ਸੇਧ ਦਾ ਪਤਾ ਨਹੀਂ ਲਗਦਾ।
ਆਤਮਿਕ ਵਿਰਸੇ ਤੋਂ ਵਾਂਝੇ ਰਹਿੰਦੇ ਹਾਂ।
ਸਾਡੇ ਕਰਮ 'ਹਉਂ' ਵਿਚ ਹੁੰਦੇ ਹਨ।
ਇਹਨਾਂ 'ਹਉਂਧਾਰੀ ਕਰਮਾਂ' ਦਾ ਨਤੀਜਾ ਭੁਗਤਦੇ ਹਾਂ।
ਜਨਮਾਂ ਦੇ ਗੇੜ ਵਿਚ ਫਿਰ-ਫਿਰ ਫਸਦੇ ਹਾਂ।

ਭਰਮੇ ਆਵੈ ਭਰਮੇ ਜਾਇ ॥ ਇਹੁ ਜਗੁ ਜਨਮਿਆ ਦੂਜੈ ਭਾਇ ॥
ਮਨਮੁਖਿ ਨ ਚੇਤੈ ਆਵੈ ਜਾਇ ॥ (ਪੰਨਾ-੧੬੧)

ਭਰਮੇ ਭੂਲਾ ਫਿਰੈ ਸੰਸਾਰੁ ॥
ਮਰਿ ਜਨਮੈ ਜਮੁ ਕਰੇ ਖੁਆਰੁ ॥ (ਪੰਨਾ-੫੬੦)

ਸਾਧੋ ਇਹੁ ਜਗੁ ਭਰਮ ਭੁਲਾਨਾ ॥
ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ ॥ (ਪੰਨਾ-੬੮੪)

ਬਿਨੁ ਨਾਵੈ ਭ੍ਰਮਿ ਭ੍ਰਮਿ ਭ੍ਰਮਿ ਖਪਿਆ ॥ (ਪੰਨਾ-੧੧੪੦)



he is being carried away towards hell and is living a low, dirty and distressful life when compared to all other creatures who are ignorant.

It is necessary to research and discuss this pitiful and agonising downfall of man.

The Timeless Being, creating man in his own image, has bestowed all His powers on him (man).

Where the Timeless Being has bestowed boundless powers on man, there, He has also put in the 'doubt-fallacy' of egotism which is very powerful, serious and subtle.

1 *This ego exists by the Lord's Order; people wander according to their past actions.* 466

2 *The Primal Lord, the Architect of Destiny, formed your form; He also burdened you with egotism.* 999

It is because of this doubt-fallacy of egotism that we –

cannot discover our 'self'.
do not faith in the existence of the Timeless Being.
are unable to discover the Divine Command.
remain ignorant of the in-laid religion.
cannot enjoy the Divine blessings fully.
do not get to know our life-direction.
remain deprived of spiritual inheritance.
indulge in actions in egotism.
experience the results of these ego-ridden actions.
get entangled again and again in the cycle of birth.

3 *In doubt he comes, and in doubt he goes.This world is born out of the love of duality. The self-willed manmukh does not remember the Lord; he continues coming and going in reincarnation.* 161

4 *Deluded by doubt, the world wanders around.*
*It dies, and is born again, and is ruined by the Messenger of Death.* 560

5 *O Holy people, this world is deluded by doubt.* 584
*It has forsaken the meditative remembrance of the Lord's Name, and sold itself out to Maya.*

6 *Without the Name, they wander and wander and wander, and waste away.* 1140

ਹਉਮੈ ਦੇ 'ਭਰਮ-ਭੁਲਾਵੇ' ਦੇ ਕੁਝ ਉਦਾਹਰਨ ਦਿਤੇ ਜਾਂਦੇ ਹਨ—

1. ਥੀਏਟਰ (Theatre) ਵਿਚ ਕਈ ਅਦਾਕਾਰ ਹੁੰਦੇ ਹਨ, ਜੋ ਕਿ ਕਈ ਕਿਸਮਾਂ ਦੇ ਪਾਰਟ (role) ਅਦਾ ਕਰਦੇ ਹਨ। ਰੰਗਮੰਚ ਉਤੇ ਉਹਨਾਂ ਦੀ ਹਰ ਇਕ ਹਰਕਤ, ਅਦਾ, ਬੋਲ-ਚਾਲ ਆਦਿ ਮਾਲਕ ਦੇ ਕਿਸੇ ਪਹਿਲਾਂ ਬਣਾਈ ਹੋਈ ਵਿਉਂਤ ਅਨੁਸਾਰ ਨਿਯਮ-ਬੱਧ ਹੁੰਦੀ ਹੈ। ਸਟੇਜ ਉਤੇ ਕੋਈ ਰਾਜਾ, ਕੋਈ ਰਾਣੀ, ਕੋਈ ਨੌਕਰ, ਕੋਈ ਦਾਤਾ, ਕੋਈ ਭਿਖਾਰੀ ਆਦਿ, ਅਨੇਕਾਂ ਭੇਖ ਧਾਰ ਕੇ, ਆਪੋ-ਅਪਣਾ 'ਪਾਰਟ' ਖੇਲਦੇ ਹਨ। ਹਰ ਇਕ ਨੂੰ ਨਿਸਚਾ ਹੁੰਦਾ ਹੈ, ਕਿ ਉਹ ਸੱਚੀ-ਮੁੱਚੀ ਦੇ ਰਾਜਾ-ਰਾਣੀ ਆਦਿ ਨਹੀਂ ਹਨ, ਬਲਕਿ ਖਿਨ-ਭੰਗਰ ਸਟੇਜ ਤੇ ਆਪਣਾ ਨੀਯਤ 'ਪਾਰਟ' ਅਦਾ ਕਰਨ ਹੀ ਆਏ ਹਨ ਅਤੇ ਅਸਲ ਵਿਚ, ਉਹ ਆਪਣੇ ਮਾਲਕ ਦੇ ਨੌਕਰ ਹੀ ਹਨ। ਉਹਨਾਂ ਨੂੰ ਇਹ ਅਹਿਸਾਸ ਹੁੰਦਾ ਹੈ, ਕਿ ਉਹ 'ਸੁਤੰਤਰ' ਨਹੀਂ ਹਨ ਅਪਣੀ ਮਨ-ਮਰਜ਼ੀ ਨਹੀਂ ਕਰ ਸਕਦੇ। ਪਰ ਜੇ ਕੋਈ 'ਪਾਤਰ' ਅਪਣੇ ਮਾਲਕ ਨੂੰ 'ਭੁੱਲ' ਕੇ ਜਾਂ ਬਾਗੀ ਹੋ ਕੇ, ਸਟੇਜ ਉਤੇ ਆਪਣੀ **ਮਨ-ਮਰਜ਼ੀ ਕਰਦਾ ਹੈ, ਤਾਂ ਸਾਰੀ ਖੇਲ ਵਿਚ ਵਿਘਨ ਪੈ ਜਾਂਦਾ ਹੈ, ਜਿਸ ਦੀ ਉਸ ਨੂੰ ਸਜ਼ਾ ਮਿਲਦੀ ਹੈ।**

ਐਨ ਏਸੇ ਤਰ੍ਹਾਂ ਇਸ ਕਾਇਨਾਤ ਦੇ ਮਾਲਕ 'ਅਕਾਲ-ਪੁਰਖ' ਨੇ, ਆਪਣੇ ਅਪਾਰ 'ਹੁਕਮ' ਦੁਆਰਾ, ਇਹ ਦੁਨਿਆਵੀ 'ਵਡ-ਖੇਲ-ਤਮਾਸ਼ਾ' ਰਚਿਆ ਹੋਇਆ ਹੈ, ਜਿਸ ਵਿਚ ਅਸੀਂ ਸਾਰੇ ਜੀਵ, ਆਪੋ-ਆਪਣਾ 'ਪਾਰਟ' ਅਦਾ ਕਰਨ ਆਏ ਹਾਂ।

ਦਿਆਨਤਦਾਰੀ ਨਾਲ, ਇਸ 'ਹੁਕਮ-ਰੂਪੀ' ਭਾਣੇ ਦੀ **ਰਵਾਨਗੀ ਵਿਚ ਚਲਣਾ ਹੀ, ਸਾਡੇ ਨਾਲ ਲਿਖੇ ਇਲਾਹੀ 'ਧਰਮ' ਦੀ ਕਮਾਈ ਹੈ।**

ਜਦ ਤਾਈਂ ਅਸੀਂ ਅਕਾਲ-ਪੁਰਖ ਦੀ ਇਲਾਹੀ ਵਿਉਂਤ ਅੰਦਰ 'ਹੁਕਮ' ਦੇ ਭਾਣੇ ਵਿਚ ਆਪੋ ਆਪਣਾ 'ਪਾਰਟ' ਅਦਾ ਕਰਦੇ ਹਾਂ, ਉਦੋਂ ਤਾਈਂ ਇਲਾਹੀ 'ਖੇਲ-ਅਖਾੜਾ' ਨਿਰਵਿਘਨ ਚਲਦਾ ਹੈ ਅਤੇ 'ਅਦਾਕਾਰ' ਅਥਵਾ **'ਜੀਵ' ਨੂੰ ਵਡਿਆਈ ਮਿਲਦੀ ਹੈ।**

ਪਰ, ਜਦ ਜੀਵ ਆਪਣੇ 'ਮਾਲਕ' ਅਕਾਲ ਪੁਰਖ ਨੂੰ ਭੁਲ ਜਾਂਦੇ ਹਨ ਜਾਂ **ਬੇਮੁਖ ਹੋ ਜਾਂਦੇ ਹਨ** ਤਾਂ ਉਹ 'ਮੋਹ-ਮਾਇਆ' ਦੀ ਅਗਿਆਨਤਾ ਵਿਚ **'ਹਉਮੈ' ਧਾਰ ਕੇ ਆਪ ਹੀ 'ਮਾਲਕ' ਅਤੇ ਕਰਤਾ-ਧਰਤਾ ਬਣ ਬੈਠਦੇ ਹਨ ਤੇ ਮਨ-ਮਰਜ਼ੀ ਕਰਦੇ ਹਨ।**

ਇਸੇ ਕਾਰਨ ਜੀਵ ਇਲਾਹੀ ਬਰਕਤਾਂ ਤੋਂ **ਵਾਂਝੇ ਰਹਿੰਦੇ ਹਨ ਅਤੇ ਕਰਮ-ਬੱਧ ਹੋ ਕੇ, ਮਾਇਕੀ ਅਸੂਲ ਅਨੁਸਾਰ ਦੁਖ-ਸੁਖ ਭੋਗਦੇ ਹਨ।**

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥ (ਪੰਨਾ-੪੩੩)

ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥ (ਪੰਨਾ-੬੦੧)

ਆਪਨ ਕਰਮ ਆਪੇ ਹੀ ਬੰਧ ॥
ਆਵਨੁ ਜਾਵਨੁ ਮਾਇਆ ਧੰਧ ॥ (ਪੰਨਾ-੮੮੮)



Some examples are being given of the 'doubt-fallacy' of egotism –

1 In the theatre there are many actors who play many kinds of parts. Every act, gesture conversation etc. on the stage is carried out totally according to the plan made by the master (director). On the stage someone is king, queen, donor, beggar, etc.- they disguise themselves and play their respective roles. Everyone believes that he or she is not king or queen etc. but have come to the stage to play their pre-decided role and (know) that in reality they are all servants of the master. They are aware that they are not 'free' to do as they like. But if some actor 'forgetting' his master or revolting against him, acts according to his self-will, then there is a hitch in the play for which he is penalised.

Exactly in the same manner, the Master of the universe – the 'Timeless Being' through His boundless 'command' has created they worldly 'grand-play-show' in which we are playing our respective parts.

Following the flow of this 'command-like' will with honesty is indeed the cultivation of our inlaid Divine 'Religion'.

As long as we play our respective parts according to the will of the Timeless Being's Divine plan, the 'play-arena' works without obstacle and the 'actor' or (human) being gets praise.

But when the human beings forget their 'Master', the Timeless Being, or turn away from Him, then, in the ignorance brought about by (worldly) attachment-materialism, egotism gets hold of them, making them act as the 'Master' as the creator and sustainer where they do as they please.

For this reason human beings remain deprived of the Divine Blessings and bound by action and reaction, they experience pain and pleasure according to the principles or laws of materialism.

1 *Whatever I did, for that I have suffered; I do not blame anyone else.* 433

2 *One who walks according to his own will, O Siblings of Destiny, suffers separation from the Lord, and shall be punished.* 601

3 *By your actions, you have bound yourself.*
*You come and go, entangled in Maya.* 888

2. ਬਿਜਲੀ ਦਾ ਕਰੰਟ 'ਪਾਵਰ ਹਾਊਸ' ਤੋਂ ਉਪਜਦਾ ਹੈ। ਇਹ ਬਿਜਲੀ ਹਰ ਇਕ 'ਬਲਬ' ਵਿਚ ਰੋਸ਼ਨੀ ਦਿੰਦੀ ਹੈ। ਬਲਬ ਦੇ ਅੰਦਰ 'ਫਿਲਾਮੈਂਟ' ਦੀ ਸੂਖਮ ਤਾਰ ਹੁੰਦੀ ਹੈ, ਜਿਸ ਰਾਹੀਂ ਬਿਜਲੀ ਦਾ ਪ੍ਰਕਾਸ਼ ਹੁੰਦਾ ਹੈ। ਉਸਦੇ ਉਦਾਲੇ ਅਨੇਕਾਂ ਰੰਗਾਂ ਅਤੇ ਸ਼ਕਲਾਂ ਵਲੇ ਸ਼ੀਸ਼ੇ ਦਾ ਗਿਲਾਫ਼ ਚੜ੍ਹਿਆ ਹੁੰਦਾ ਹੈ। ਜਦ ਇਸ ਵਿਚ ਕਰੰਟ ਆਉਂਦਾ ਹੈ ਤਾਂ ਇਹ 'ਜਗ' ਪੈਂਦਾ ਹੈ, ਜਾਂ **ਜੀਉਂਦਾ ਹੋ ਜਾਂਦਾ ਹੈ,** ਨਹੀਂ ਤਾਂ ਇਹ ਬੁਝ ਜਾਂਦਾ ਹੈ ਅਥਵਾ '**ਮੁਰਦਾ**' ਹੋ ਜਾਦਾ ਹੈ।

ਬਲਬ ਨੂੰ ਜੀਵਨ 'ਕਰੰਟ' ਤੋਂ ਮਿਲਦਾ ਹੈ, ਤੇ ਕਰੰਟ 'ਪਾਵਰ-ਹਾਊਸ' ਤੋਂ ਆਉਂਦਾ ਹੈ। ਬਲਬ ਦੀ ਆਪਣੇ ਆਪ ਵਿਚ ਕੋਈ ਹਸਤੀ ਨਹੀਂ ਹੈ, ਇਸਦੀ ਹਸਤੀ '**ਕਰੰਟ ਦੀ ਹੋਂਦ**' **ਤੋਂ ਬਣਦੀ ਹੈ।**

ਇਸੇ ਤਰ੍ਹਾਂ ਜੀਵਨ-ਪ੍ਰਕਾਸ਼ ਦਾ '**ਸੋਮਾ**' ਅਥਵਾ ਪਾਵਰ-ਹਾਊਸ '**ਨਾਮ' ਜਾਂ 'ਸਬਦ' ਹੀ ਹੈ।**

ਜੇਕਰ ਬਲਬ ਆਪਣੇ 'ਜੀਵਨ-ਪ੍ਰਕਾਸ਼' ਦੇ ਸੋਮੇ ਨੂੰ 'ਭੁਲ' ਕੇ ਜਾਂ 'ਮੁਨਕਰ' ਹੋ ਕੇ, ਆਪਣੀ ਹੀ **ਅੱਡਰੀ 'ਹਸਤੀ' ਜਤਾਉਂਦਾ ਫਿਰੇ**, ਤਾਂ ਉਹ 'ਝੂਠਾ' ਹੈ, 'ਪਖੰਡੀ' ਹੈ ਅਤੇ ਉਸ ਦੀ ਹਉਮੈ ਦੀ ਹੋਂਦ ਕੂੜੀ ਹੈ। ਅਸਲੀ ਹਸਤੀ ਤਾਂ 'ਅਕਾਲ ਪੁਰਖ' ਹੈ ਅਤੇ ਉਸ ਵਿਚੋਂ ਉਪਜਿਆ ਨਾਮ ਦਾ ਪ੍ਰਕਾਸ਼ ਹੀ ਜੀਵ-ਰੂਪੀ 'ਬਲਬ' ਦਾ ਨਾਲ ਲਿਖਿਆ ਹੁਕਮ-ਰੂਪੀ '**ਇਲਾਹੀ ਧਰਮ' ਹੈ।**

ਐਨ ਏਸੇ ਤਰ੍ਹਾਂ ਅਕਾਲ ਪੁਰਖ ਦੀ ਹੀ ਇਕੋ 'ਹਸਤੀ' ਹੈ, ਜਿਸ ਵਿਚੋਂ ਜੀਵਨ-ਰੂਪੀ 'ਜੋਤਿ', ਹਰ ਇਕ ਜੀਵ ਦੇ ਅੰਤ੍ਰ-ਆਤਮੇ ਪ੍ਰਕਾਸ਼ਿਤ ਅਤੇ ਪ੍ਰਵਿਰਤ ਹੋ ਰਹੀ ਹੈ। ਪਰ ਮਾਇਆ-ਰੂਪੀ ਭਰਮ–ਭੁਲਾਵੇ ਦੀ ਅਗਿਆਨਤਾ ਵਿਚ, ਜੀਵ ਨੂੰ ਇਹ ਭੁਲੇਖਾ ਪਿਆ ਹੋਇਆ ਹੈ, ਕਿ ਉਹ ਆਪਣੇ ਆਪ ਕੋਈ ਅੱਡਰੀ ਹਸਤੀ ਹੈ ਤੇ ਆਪ ਹੀ ਸੰਪੂਰਨ ਕਰਤਾ-ਧਰਤਾ ਹੈ, ਜਿਸ ਕਾਰਨ ਉਸ ਦੇ ਜੀਵਨ ਦੇ ਹਰ ਪੱਖ ਵਿਚ ਮੈਂ-ਮੇਰੀ ਦਾ ਪ੍ਰਗਟਾਵਾ ਅਤੇ ਵਰਤ-ਵਰਤਾਰਾ ਹੋ ਰਿਹਾ ਹੈ।

ਪਹਿਲਾਂ ਦਸਿਆ ਜਾ ਚੁੱਕਾ ਹੈ ਕਿ ਇਲਾਹੀ 'ਹੁਕਮ' ਹੀ ਨਾਮ ਦੀ ਜੀਵਨ-ਰੌਂ ਯਾ **ਇਲਾਹੀ 'ਧਰਮ' ਦੀ ਗੁੱਝੀ 'ਸਹਿਜ-ਚਾਲ' ਹੈ।**

ਇਲਾਹੀ 'ਹੁਕਮ', 'ਨਾਮ' ਯਾ ਨਾਲ ਲਿਖਿਆ 'ਨਿਜੀ ਧਰਮ', ਹਰ ਇਕ ਜ਼ੱਰੇ ਵਿਚ ਰਵਿ-ਰਹਿਆ-ਭਰਪੂਰ ਹੈ।

ਜਿਸ ਤਰ੍ਹਾਂ ਬਿਜਲੀ ਦਾ ਕਰੰਟ ਤਾਂ ਇਕੋ ਹੁੰਦਾ ਹੈ, ਪਰ ਉਸਦੇ ਪ੍ਰਗਟਾਵੇ ਦੇ ਬਾਹਰਲੇ ਸਾਧਨ, ਬਲਬ, ਟਿਊਬ ਆਦਿ ਅਨੇਕਾਂ ਜੰਤਰ ਹੁੰਦੇ ਹਨ, ਜਿਨ੍ਹਾਂ ਰਾਹੀਂ ਚਲ ਰਿਹਾ 'ਕਰੰਟ' ਉਹਨਾਂ ਦੀ ਰੰਗਤ ਅਨੁਸਾਰ-ਲਾਲ, ਪੀਲੀ, ਨੀਲੀ ਰੋਸ਼ਨੀ ਪ੍ਰਕਾਸ਼ਤ ਕਰਦਾ ਹੈ।

ਏਸੇ ਤਰ੍ਹਾਂ ਪਾਣੀ ਤਾਂ ਇਕੋ ਹੁੰਦਾ ਹੈ, ਪਰ ਇਸ ਵਿਚ ਜੋ ਚੀਜ਼ ਰਲਾਈ ਜਾਂਦੀ ਹੈ, ਉਸੇ ਅਨੁਸਾਰ ਪਾਣੀ ਦਾ ਰੰਗ ਅਤੇ ਸਵਾਦ ਬਣਦਾ ਹੈ।



2 Electric current is produced from the 'power-house'. This current lights up every 'bulb'. In the bulb there is a filament, a very thin wire through which the electrical current manifests itself as light. Around the filament there is a covering of different types of glass. When the current flows into it, it 'lights' up or becomes alive otherwise it goes off or goes 'dead'.

The bulb gets its life from the current and the current comes from the 'power-house'. The bulb has no life of its own; its life comes from the existence of the current

Similarly the 'source' of life-manifestation or the power-house – is indeed 'Naam' or 'shabad'.

If the bulb, forgetting or disclaiming its source of 'life-illumination', declares its own separate existence then it is a false, pretentious claim and the bulb's existence of egotism (as an independent self existing entity) is baseless. The real existence or Being is the 'Timeless Being' and the manifestation of Naam emerging from Him is in fact the life-like bulb's in laid command-d like 'Divine Religion'.

Exactly in the same way there is only one 'existence' of the Timeless Being from which 'life-giving' light is manifesting and operating in the innermost consciousness of every creature. But in the ignorance of materialistic doubt-fallacy, the human being is having a misconception that he is some separate entity and is in full control of everything. Due to this, there is the expression and manifestation of me-mineness in every aspect of his life.

It has been mentioned earlier that the Divine 'Command' is indeed Naam's life-current or the invisible 'spontaneous' flow of 'Divine Religion'.

Divine Command, Naam or in laid 'individual religion' is dwelling in full in every particle.

Just as the electric current is one, but for its manifestation, there are external appliances (like)bulb, tube, and other electrical devices, through which the flowing current manifests itself as red, yellow, blue light according to their colour.

Similarly water is one but the colour and taste is according to the thing mixed in it.

ਐਨ ਏਸੇ ਤਰ੍ਹਾਂ 'ਜੀਵਾਂ' ਵਿਚ ਇਲਾਹੀ 'ਜੀਵਨ-ਰੌਂ' ਤਾਂ ਇਕੋ ਵਰਤਦੀ ਹੈ. ਪਰ ਮਨ, ਬੁੱਧੀ ,ਅਤੇ ਅੰਤਿਸ਼ਕਰਨ ਦੀ ਰੰਗਤ ਅਨੁਸਾਰ, ਇਸ ਜੀਵਨ ਰੌਂ ਦਾ **ਬਾਹਰਮੁਖੀ ਪ੍ਰਗਟਾਵਾ ਭਿੰਨ ਭਿੰਨ ਹੁੰਦਾ ਹੈ।**

ਇਸ ਦਾ ਮਤਲਬ ਇਹ ਹੈ. ਕਿ 'ਜੀਵਨ-ਰੌਂ' ਦੇ ਪ੍ਰਕਾਸ਼ ਅਤੇ ਪ੍ਰਗਟਾਵੇ ਦੇ ਦੋ ਪਹਿਲੂ ਹਨ—

1. **ਅੰਤ੍ਰ-ਮੁਖੀ ਗੁੱਝੀ 'ਸਹਿਜਚਾਲ'**— ਜੋ ਨਿਰੋਲ, ਨਿਰਮਲ; 'ਨਾਮ', 'ਹੁਕਮ' ਅਤੇ ਨਾਲ ਲਿਖਿਆ **ਨਿੱਜੀ ਧਰਮ ਹੈ।**

2. **ਬਾਹਰ-ਮੁਖੀ ਪ੍ਰਗਟਾਵਾ**— ਜਿਸ ਉਤੇ—

ਹਉਮੈ ਵੇੜ੍ਹੇ ਮਨ
ਹਉਂ ਧਾਰੀ ਬੁੱਧੀ
ਅੰਤਿਸ਼ਕਰਨ

**ਦਾ 'ਅਕਸ' ਯਾ ਰੰਗਤ ਚੜ੍ਹੀ ਹੋਈ ਹੁੰਦੀ ਹੈ।**

ਇਹਨਾਂ ਦੋਹਾਂ ਹਾਲਤਾਂ ਵਿਚ, ਇਲਾਹੀ 'ਜੀਵਨ-ਰੌਂ' ਦੀ ਸਾਂਝੀ ਰਵਾਨਗੀ ਨੂੰ ਹੀ ਅੱਡੋ-ਅੱਡੀ ਜੀਵਾਂ ਦਾ **'ਨਾਲ ਲਿਖਿਆ' ਹੋਇਆ 'ਇਲਾਹੀ ਧਰਮ' ਕਿਹਾ ਗਿਆ ਹੈ।**

(ਚਲਦਾ...)



Exactly in the same way, it is the same 'life-current' that is operating in all creatures, but its external manifestation of this 'life-current' varies according to the hue or colour of the mind, intellect and sub-consciousness.

This means that there are two aspects of the manifestation and expression of 'life-current'.

1 Internal, invisible 'spontaneous flow' – which is pure, clean; 'Naam', Command and is the inlaid, individual religion.

2 Outward Expression –which is chromed by the reflection or colour of -

the ego-ridden mind
the ego ridden intellect
the subconsciousness.

In both these situations, the common flow of Divine 'life-current' is in fact said to be 'inlaid Divine Religion' of the different life-forms.

(continued.....Lekh 47)